Bal Bharati
PUBLIC SCHOOL
LUDHIANA

**Name - ____________** | **Mid Term Test ( August 2024)** | **M.Marks : 60**
**Roll No. __________** | **ਜਮਾਤ – ਚੌਥੀ ____** | **Date – 09.09.24**
**Time – 2.5 hrs.** | | **Subject –Punjabi**

**(ਭਾਗ – ੳ)**

**(ੳ) ਬਹੁ-ਵਿਕਲਪੀ ਪ੍ਰਸ਼ਨ-** (3)

1. ਸੋਨੂੰ ਪੜ੍ਹਾਈ ਤੇ ਖੇਡਾਂ ਵਿੱਚ ਕਿਹੋ ਜਿਹਾ ਸੀ? (ਹੁਸ਼ਿਆਰ, ਸਧਾਰਨ , ਨਲਾਇਕ)
2. 'ਸ਼ਲਾਘਾ' ਸ਼ਬਦ ਦਾ ਵਿਰੋਧੀ ਸ਼ਬਦ ਕਿਹੜਾ ਹੈ? (ਪ੍ਰਸ਼ੰਸਾ , ਤਾਰੀਫ਼ , ਨਿੰਦਿਆ)
3. ਕਾਂ ਕਿੱਥੇ ਉੱਡ ਰਿਹਾ ਸੀ? (ਪਹਾੜ ਉੱਤੇ, ਧਰਤੀ ਉੱਤੇ, ਅੰਬਰ ਉੱਤੇ)
4. ਰਮਨ ਸਕੂਲ ਨਾ ਜਾਣ ਲਈ ਕੀ ਬਹਾਨਾ ਬਣਾਉਂਦਾ ਸੀ? (ਦੰਦ ਦਰਦ ਦਾ, ਢਿੱਡ ਦਰਦ ਦਾ, ਬੁਖ਼ਾਰ ਦਾ)
5. ਕਾਂ ਨੇ ਪਾਣੀ ਪੀ ਕੇ ਕੀ ਬੁਝਾਈ? (ਦੁੱਖ , ਥਕਾਵਟ , ਪਿਆਸ)
6. 'ਚਿੱਤਰ ਬਣਾਉਣ ਵਾਲਾ' ਲਈ ਇੱਕ ਸ਼ਬਦ ਚੁਣੋ। (ਕਹਾਣੀਕਾਰ, ਚਿੱਤਰਕਾਰ, ਘੁਮਿਆਰ)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (10)

7. ਰਮਨ ਦੇ ਸਕੂਲ ਤੋਂ ਕੀ ਸੁਨੇਹਾ ਆਇਆ?
8. ਸਕੂਲ ਵਿੱਚ ਮਨਾਏ ਗਏ ਵਰਲਡ ਫੂਡ ਡੇ ਵਿੱਚ ਕੀ-ਕੀ ਕਰਵਾਇਆ ਗਿਆ?
9. ਕਾਂ ਨੇ ਅਕਲ ਤੋਂ ਕੰਮ ਲੈਂਦੇ ਹੋਏ ਕਿਵੇਂ ਪਾਣੀ ਪੀਤਾ?
10. ਹੈਨਰੀ ਦੀ ਕਿਸ ਸੋਚ ਦੀ ਉਸ ਦੇ ਮਿੱਤਰਾਂ ਨੇ ਸ਼ਲਾਘਾ ਕੀਤੀ?
11. ਰਮਨ ਸਕੂਲ ਤੋਂ ਛੁੱਟੀਆਂ ਕਿਉਂ ਕਰਨ ਲੱਗਾ ਸੀ?

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (4)

12. ਅਰਜ਼ੋਈ – (ਰੋਸ / ਲਟਕਾਉਣਾ / ਬੇਨਤੀ)
13. ਅਤਿਅੰਤ – (ਬਹੁਤ ਜ਼ਿਆਦਾ / ਪਿਆਸਾ / ਭੁੱਖੜ)
14. ਉਤਸ਼ਾਹ – (ਜ਼ਰੂਰੀ / ਜੋਸ਼ / ਗਾਇਬ)
15. ਚਿੱਠੀਆਂ – (ਪੱਤਰ / ਨਿਮਰਤਾ / ਤਾਰੀਫ਼)
16. ਅਹਿਸਾਸ – (ਬੇਇੱਜ਼ਤੀ / ਧੰਨਵਾਦ / ਅਨੁਭਵ)
17. ਵਿਧੀ – (ਥੱਪੜ / ਤਰੀਕਾ / ਅੱਥਰੂ)
18. ਅਕਸਰ – (ਪੀੜ / ਸਾਜਿਸ਼ / ਆਮ ਤੌਰ ਤੇ)
19. ਸ਼ੁਕਰਾਨਾ – (ਸਿਹਤਮੰਦ / ਧੰਨਵਾਦ / ਮੂਰਖ਼)

**(ਸ) ਖ਼ਾਲੀ ਥਾਵਾਂ ਭਰੋ।** (5)

20. ਜਾਨ ਹਾਰਸਲੇ ਇੱਕ _________ ਸੀ।
21. ਸੋਨੂੰ ਖਾਣ-ਪੀਣ ਦੇ ਮਾਮਲੇ ਵਿੱਚ __________ ਵਰਤਦਾ ਸੀ।
22. ਅਗਲੇ ਦਿਨ ਰਮਨ _________ ਜਾਣ ਲਈ ਤਿਆਰ ਹੋ ਗਿਆ।
23. __________ ਨੇ ਇੱਕ ਤਰਕੀਬ ਵਰਤੀ।
24. ਬਜ਼ਾਰ ਵਿੱਚ ਰੱਖੇ ਕਾਰਡ _______ ਵਿਕ ਗਏ।

(ਹ) ਵਾਕ ਬਣਾਉ – (8)

25. ਇਕਲੌਤਾ – ____________________________________________।
26. ਸਤਿਕਾਰ – ____________________________________________।
27. ਅੱਵਲ – ____________________________________________।
28. ਮਨਜ਼ੂਰ – ____________________________________________।

(ਕ) ਵਚਨ ਬਦਲੋ। (2)

29. ਦਵਾਈ ਨਾਲ ਪੇਟ ਦਾ ਕੀੜਾ ਮਰ ਜਾਵੇਗਾ। ____________________________।
30. ਘੜਾ ਪਾਣੀ ਨਾਲ ਭਰਿਆ ਹੋਇਆ ਸੀ। ____________________________।

(ਖ) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ। (2)

31. ਸਮਰੱਥ – ________
32. ਨਿਰਾਦਰ – ________

(ਗ) ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ । (2)

33. ਆਲਸਿ – ________
34. ਜਾਨਕਾਰੀ – ________

(ਘ) ਹਾਂ ਜਾਂ ਨਾਂਹ ਵਿੱਚ ਜਵਾਬ ਦਿਉ। (2)

35. ਕਾਂ ਨਿਰਾਸ਼ ਹੋ ਕੇ ਬਿਨਾਂ ਪਾਣੀ ਪੀਤੇ ਹੀ ਉੱਡ ਗਿਆ। (   )
36. ਭੋਜਨ ਦਾ ਕਦੇ ਨਿਰਾਦਰ ਨਹੀਂ ਕਰਨਾ ਚਾਹੀਦਾ। (   )
37. ਸੋਨੂੰ ਦੀ ਮਾਂ ਸੋਨੂੰ ਨੂੰ ਵਿਗਾੜ ਰਹੀ ਸੀ। (   )
38. ਆਪ ਬਣਾਏ ਕਾਰਡ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੁੰਦੇ। (   )

## ਭਾਗ ( ਅ)– ਵਿਆਕਰਨ

(ੳ) ਗਿਣਤੀ (4)

39. (33) – __________
40. (49) – __________
41. (38) – __________
42. (46) – __________

**(ਅ) ਵਿਰੋਧੀ ਸ਼ਬਦ** (5)

43. ਖੁਰਦਰਾ – __________
44. ਆਪਣਾ – __________
45. ਭਾਰਾ – __________
46. ਸਾਡਾ – __________
47. ਪੇਂਡੂ – __________

**(ੲ) ਅਸ਼ੁੱਧ-ਸ਼ੁੱਧ** (5)

48. ਆਉਨਾ – __________
49. ਮੇਹਨਤ – __________
50. ਬੈਠਨਾ – __________
51. ਦੁਪੈਹਰ – __________
52. ਸੇਹਤ – __________

**(ਸ) ਨਾਂਵ ਸ਼ਬਦਾਂ ਹੇਠ ਲਕੀਰ ਲਗਾਓ:-** (3)

53. ਅਰਮਾਨ ਕੱਲ੍ਹ ਬਜ਼ਾਰ ਗਿਆ ਸੀ।
54. ਸਾਕਸ਼ੀ ਬਹੁਤ ਹੁਸ਼ਿਆਰ ਹੈ।
55. ਮੈਂ ਦਿੱਲੀ ਵਿੱਚ ਰਹਿੰਦਾ ਹਾਂ।

**(ਹ) ਅਣਡਿੱਠਾ ਪੈਰ੍ਹਾ** (5)

ਬਹੁਤ ਪੁਰਾਣੀ ਗੱਲ ਹੈ, ਇੱਕ ਸੀ ਮੂਰਖ ਰਾਜਾ।ਇਹ ਰਾਜਾ ਸ਼ਕਲ ਦਾ ਵੀ ਮੋਟਾ ਸੀ ਤੇ ਅਕਲ ਦਾ ਵੀ।ਜੇ ਕੋਈ ਉਸਦੀ ਪ੍ਰਸ਼ੰਸਾ ਕਰ ਦਿੰਦਾ ਤਾਂ ਉਹ ਫੁੱਲਿਆ ਨਾ ਸਮਾਉਂਦਾ।ਜਿਸ ਉੱਪਰ ਉਹ ਖ਼ੁਸ਼ ਹੁੰਦਾ , ਉਸ ਨੂੰ ਮਾਲਾ-ਮਾਲ ਕਰ ਦਿੰਦਾ।ਉਸ ਰਾਜੇ ਦਾ ਇੱਕ ਮੰਤਰੀ ਸੀ। ਉਹ ਬੜਾ ਚਲਾਕ ਤੇ ਚਾਪਲੂਸ ਸੀ।ਉਹ ਸਦਾ ਹੀ ਰਾਜੇ ਦੀ ਤਾਰੀਫ਼ ਕਰਦਾ ਰਹਿੰਦਾ।ਰਾਜਾ ਉਸ ਤੋਂ ਬੜਾ ਖ਼ੁਸ਼ ਸੀ।ਉਹ ਮੰਤਰੀ ਰਾਜੇ ਦਾ ਸਲਾਹਕਾਰ ਵੀ ਸੀ। ਹਰ ਛੋਟੀ-ਮੋਟੀ ਗੱਲ ਤੇ ਉਹ ਰਾਜੇ ਨੂੰ ਸਲਾਹ ਦਿੰਦਾ ਤੇ ਰਾਜਾ ਉਸਨੂੰ ਮੰਨ ਵੀ ਲੈਂਦਾ।ਇੱਕ ਵਾਰੀ ਸ਼ਾਮ ਨੂੰ ਉਹ ਦੋਵੇਂ ਸੈਰ ਕਰ ਕੇ ਮਹਿਲ ਵੱਲ ਪਰਤ ਰਹੇ ਸਨ ਕਿ ਨੇੜੇ ਦੇ ਜੰਗਲ ਵਿੱਚੋਂ ਲੂੰਬੜੀਆਂ ਦੇ ਹੂਕਣ ਦੀ ਅਵਾਜ਼ ਸੁਣਾਈ ਦਿੱਤੀ।ਰਾਜੇ ਨੇ ਉਹਨਾਂ ਦੇ ਹੂਕਣ ਦਾ ਕਾਰਨ ਪੁੱਛਿਆ ਤਾਂ ਮੰਤਰੀ ਨੇ ਕਿਹਾ ਕਿ ਉਹਨਾਂ ਨੂੰ ਠੰਢ ਲੱਗ ਰਹੀ ਹੈ ਤੇ ਉਹ ਰਜਾਈਆਂ ਮੰਗ ਰਹੀਆਂ ਹਨ।ਰਾਜੇ ਨੇ ਮੰਤਰੀ ਦੀ ਗੱਲ ਮੰਨ ਕੇ ਲੂੰਬੜੀਆਂ ਲਈ ਰਜਾਈਆਂ ਦਾ ਪ੍ਰਬੰਧ ਕਰਨ ਦਾ ਹੁਕਮ ਦਿੱਤਾ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

56. ਰਾਜਾ ਕਦੋਂ ਫੁੱਲਿਆ ਨਾ ਸਮਾਉਂਦਾ?
57. ਰਾਜੇ ਦਾ ਮੰਤਰੀ ਕਿਹੋ ਜਿਹੇ ਸੁਭਾਅ ਦਾ ਸੀ?
58. ਪੈਰ੍ਹੇ ਵਿੱਚੋਂ **'ਪਤਲਾ'** ਸ਼ਬਦ ਦਾ ਵਿਰੋਧੀ ਸ਼ਬਦ ਲੱਭ ਕੇ ਲਿਖੋ?
59. ਪੈਰ੍ਹੇ ਵਿੱਚੋਂ ਕੋਈ ਦੋ ਨਾਂਵ ਸ਼ਬਦ ਚੁਣ ਕੇ ਲਿਖੋ।
60. **ਵਾਕ ਬਣਾਓ-**

ਹੁਕਮ – ________________________________________।

**Bal Bharati PUBLIC SCHOOL LUDHIANA**

| | | |
|---|---|---|
| **Name - ___________** | **Term Test (August 2024)** | **M.Marks : 60** |
| **Roll No. __________** | **ਜਮਾਤ – ਚੌਥੀ ____** | **Date – 9.9.24** |
| **Time – 2.5 hrs.** | | **Subject –Punjabi** |

(ਭਾਗ – ੳ )

Ans key

(ੳ) ਬਹੁ-ਵਿਕਲਪੀ ਪ੍ਰਸ਼ਨ- (3)

1. ਸੋਨੂੰ ਪੜ੍ਹਾਈ ਤੇ ਖੇਡਾਂ ਵਿੱਚ ਕਿਹੋ ਜਿਹਾ ਸੀ? (**ਹੁਸ਼ਿਆਰ**, ਸਧਾਰਨ , ਨਲਾਇਕ)
2. 'ਸ਼ਲਾਘਾ' ਸ਼ਬਦ ਦਾ ਵਿਰੋਧੀ ਸ਼ਬਦ ਕਿਹੜਾ ਹੈ? (ਪ੍ਰਸ਼ੰਸਾ , ਤਾਰੀਫ਼ , **ਨਿੰਦਿਆ**)
3. ਕਾਂ ਕਿੱਥੇ ਉੱਡ ਰਿਹਾ ਸੀ? (ਪਹਾੜ ਉੱਤੇ, ਧਰਤੀ ਉੱਤੇ, **ਅੰਬਰ ਉੱਤੇ**)
4. ਰਮਨ ਸਕੂਲ ਨਾ ਜਾਣ ਲਈ ਕੀ ਬਹਾਨਾ ਬਣਾਉਂਦਾ ਸੀ? (ਦੰਦ ਦਰਦ ਦਾ, **ਢਿੱਡ ਦਰਦ ਦਾ**, ਬੁਖ਼ਾਰ ਦਾ)
5. ਕਾਂ ਨੇ ਪਾਣੀ ਪੀ ਕੇ ਕੀ ਬੁਝਾਈ? (ਦੁੱਖ , ਥਕਾਵਟ , **ਪਿਆਸ**)
6. 'ਚਿੱਤਰ ਬਣਾਉਣ ਵਾਲਾ' ਲਈ ਇੱਕ ਸ਼ਬਦ ਚੁਣੋ। (ਕਹਾਣੀਕਾਰ, **ਚਿੱਤਰਕਾਰ** , ਘੁਮਿਆਰ)

(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (10)

7. ਰਮਨ ਦੇ ਸਕੂਲ ਤੋਂ ਕੀ ਸੁਨੇਹਾ ਆਇਆ?

**ਉੱਤਰ- ਰਮਨ ਦੇ ਸਕੂਲ ਤੋਂ ਉਸਦੇ ਪੜ੍ਹਾਈ ਵਿੱਚ ਕਮਜ਼ੋਰ ਹੋਣ ਦਾ ਸੁਨੇਹਾ ਆਇਆ।**

8. ਸਕੂਲ ਵਿੱਚ ਮਨਾਏ ਗਏ ਵਰਲਡ ਫੂਡ ਡੇ ਵਿੱਚ ਕੀ-ਕੀ ਕਰਵਾਇਆ ਗਿਆ?

**ਉੱਤਰ-'ਵਰਲਡ ਫੂਡ ਡੇ' ਵਿੱਚ ਮੌਖਿਕ ਤੇ ਲਿਖ਼ਤੀ ਮੁਕਾਬਲੇ ਕਰਵਾਏ ਗਏ ਤੇ ਖਾਣੇ ਨਾਲ ਸੰਬੰਧਿਤ ਵੀਡੀਓ ਵੀ ਦਿਖਾਈਆਂ ਗਈਆਂ।**

9. ਕਾਂ ਨੇ ਅਕਲ ਤੋਂ ਕੰਮ ਲੈਂਦੇ ਹੋਏ ਕਿਵੇਂ ਪਾਣੀ ਪੀਤਾ?

**ਉੱਤਰ-ਕਾਂ ਨੇ ਅਕਲ ਤੋਂ ਕੰਮ ਲੈਂਦੇ ਹੋਏ ਘੜੇ ਵਿੱਚ ਕੰਕਰ ਪਾਏ, ਜਿਸ ਨਾਲ ਪਾਣੀ ਉੱਪਰ ਆ ਗਿਆ ਤੇ ਕਾਂ ਨੇ ਆਪਣੀ ਪਿਆਸ ਬੁਝਾਈ।**

10. ਹੈਨਰੀ ਦੀ ਕਿਸ ਸੋਚ ਦੀ ਉਸ ਦੇ ਮਿੱਤਰਾਂ ਨੇ ਸ਼ਲਾਘਾ ਕੀਤੀ?

**ਉੱਤਰ-ਹੈਨਰੀ ਦੇ ਮਿੱਤਰਾਂ ਨੇ ਉਸਦੀ ਚਿੱਤਰਾਂ ਵਾਲੇ ਕਾਰਡ ਉੱਤੇ ਸ਼ੁਭ-ਕਾਮਨਾਵਾਂ ਭੇਜਣ ਦੀ ਸੋਚ ਦੀ ਸ਼ਲਾਘਾ ਕੀਤੀ।**

11. ਰਮਨ ਸਕੂਲ ਤੋਂ ਛੁੱਟੀਆਂ ਕਿਉਂ ਕਰਨ ਲੱਗਾ ਸੀ?

**ਉੱਤਰ-ਆਲਸੀ ਅਤੇ ਬਹਾਨੇਬਾਜ਼ ਹੋਣ ਕਰਕੇ ਰਮਨ ਸਕੂਲ ਤੋਂ ਛੁੱਟੀਆਂ ਕਰਨ ਲੱਗਾ।**

(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ। (4)

12. ਅਰਜ਼ੋਈ – (ਰੋਸ / ਲਟਕਾਉਣਾ / **ਬੇਨਤੀ**)
13. ਅਤਿਅੰਤ – (**ਬਹੁਤ ਜ਼ਿਆਦਾ** / ਪਿਆਸਾ / ਭੁੱਖੜ)
14. ਉਤਸ਼ਾਹ – (ਜ਼ਰੂਰੀ / **ਜੋਸ਼** / ਗਾਇਬ)
15. ਚਿੱਠੀਆਂ – (**ਪੱਤਰ** / ਨਿਮਰਤਾ / ਤਾਰੀਫ਼)
16. ਅਹਿਸਾਸ – (ਬੇਇੱਜ਼ਤੀ / ਧੰਨਵਾਦ / **ਅਨੁਭਵ**)
17. ਵਿਧੀ – (ਥੱਪੜ / **ਤਰੀਕਾ** / ਅੱਥਰੂ)
18. ਅਕਸਰ – (ਪੀੜ / ਸਾਜਿਸ਼ / **ਆਮ ਤੌਰ ਤੇ**)
19. ਸ਼ੁਕਰਾਨਾ – (ਸਿਹਤਮੰਦ / **ਧੰਨਵਾਦ** / ਮੂਰਖ)

(ਸ) ਖ਼ਾਲੀ ਥਾਵਾਂ ਭਰੋ। (5)

20. ਜਾਨ ਹਾਰਸਲੇ ਇੱਕ ਚਿੱਤਰਕਾਰ ਸੀ।
21. ਸੋਨੂੰ ਖਾਣ-ਪੀਣ ਦੇ ਮਾਮਲੇ ਵਿੱਚ ਲਾਪਰਵਾਹੀ ਵਰਤਦਾ ਸੀ।
22. ਅਗਲੇ ਦਿਨ ਰਮਨ ਸਕੂਲ ਜਾਣ ਲਈ ਤਿਆਰ ਹੋ ਗਿਆ।
23. ਡਾਕਟਰ ਨੇ ਇੱਕ ਤਰਕੀਬ ਵਰਤੀ।
24. ਬਜ਼ਾਰ ਵਿੱਚ ਰੱਖੇ ਕਾਰਡ ਹੱਥੋਂ-ਹੱਥੀਂ ਵਿਕ ਗਏ।

(ਹ) ਵਾਕ ਬਣਾਉ - (8)

25. ਇਕਲੌਤਾ - ਰਮਨ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਹੈ। (ਕੋਈ ਵੀ ਹੋਰ)
26. ਸਤਿਕਾਰ - ਸਾਨੂੰ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। (ਕੋਈ ਵੀ ਹੋਰ)
27. ਅੱਵਲ - ਸੋਨੂੰ ਆਪਣੀ ਜਮਾਤ ਵਿੱਚੋਂ ਹਮੇਸ਼ਾ ਅੱਵਲ ਆਉਂਦਾ ਹੈ। (ਕੋਈ ਵੀ ਹੋਰ)
28. ਮਨਜ਼ੂਰ - ਮੈਨੂੰ ਤੁਹਾਡੀ ਹਰ ਸ਼ਰਤ ਮਨਜ਼ੂਰ ਹੈ। (ਕੋਈ ਵੀ ਹੋਰ)

(ਕ) ਵਚਨ ਬਦਲੋ। (2)

29. ਦਵਾਈ ਨਾਲ ਪੇਟ ਦਾ ਕੀੜਾ ਮਰ ਜਾਵੇਗਾ। ਦਵਾਈ/ਦਵਾਈਆਂ ਨਾਲ ਪੇਟ ਦੇ ਕੀੜੇ ਮਰ ਜਾਣਗੇ।
30. ਘੜਾ ਪਾਣੀ ਨਾਲ ਭਰਿਆ ਹੋਇਆ ਸੀ। ਘੜੇ ਪਾਣੀ ਨਾਲ ਭਰੇ ਹੋਏ ਸਨ।

(ਖ) ਵਿਰੋਧੀ ਸ਼ਬਦ ਲਿਖੋ। (2)

31. ਸਮਰੱਥ - ਅਸਮਰੱਥ
32. ਨਿਰਾਦਰ - ਆਦਰ

(ਗ) ਅਸ਼ੁੱਧ-ਸ਼ੁੱਧ। (2)

33. ਆਲਸਿ - ਆਲਸੀ
34. ਜਾਨਕਾਰੀ - ਜਾਣਕਾਰੀ

(ਘ) ਸਹੀ ਜਾਂ ਗ਼ਲਤ ਵਿੱਚ ਜਵਾਬ ਦਿਉ। (2)

35. ਕਾਂ ਨਿਰਾਸ਼ ਹੋ ਕੇ ਬਿਨਾਂ ਪਾਣੀ ਪੀਤੇ ਹੀ ਉੱਡ ਗਿਆ। (ਗ਼ਲਤ)
36. ਭੋਜਨ ਦਾ ਕਦੇ ਨਿਰਾਦਰ ਨਹੀਂ ਕਰਨਾ ਚਾਹੀਦਾ। (ਸਹੀ)
37. ਸੋਨੂੰ ਦੀ ਮਾਂ ਸੋਨੂੰ ਨੂੰ ਵਿਗਾੜ ਰਹੀ ਸੀ। (ਗ਼ਲਤ)
38. ਆਪ ਬਣਾਏ ਕਾਰਡ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੁੰਦੇ। (ਗ਼ਲਤ)

## ਭਾਗ ( ਅ)- ਵਿਆਕਰਨ

(ੳ) ਗਿਣਤੀ (4)

39. (33) - ਤੇਤੀ
40. (49) - ਉਣੰਜਾ
41. (38) - ਅਠੱਤੀ
42. (46) - ਛਿਆਲੀ

**(ਅ) ਵਿਰੋਧੀ ਸ਼ਬਦ** (5)

43. ਖੁਰਦਰਾ - **ਮੁਲਾਇਮ**
44. ਆਪਣਾ - **ਪਰਾਇਆ**
45. ਭਾਰਾ - **ਹਲਕਾ**
46. ਸਾਡਾ - **ਤੁਹਾਡਾ**
47. ਪੇਂਡੂ - **ਸ਼ਹਿਰੀ**

**(ੲ) ਅਸ਼ੁੱਧ-ਸ਼ੁੱਧ** (5)

48. ਆਉਨਾ - **ਆਉਣਾ**
49. ਮੇਹਨਤ - **ਮਿਹਨਤ**
50. ਬੈਠਨਾ - **ਬੈਠਣਾ**
51. ਦੁਪੈਹਰ - **ਦੁਪਹਿਰ**
52. ਸੇਹਤ - **ਸਿਹਤ**

**(ਸ) ਨਾਂਵ ਸ਼ਬਦਾਂ ਹੇਠ ਲਕੀਰ ਲਗਾਓ:-** (3)

53. **ਅਰਮਾਨ** ਕੱਲ੍ਹ **ਬਜ਼ਾਰ** ਗਿਆ ਸੀ।
54. **ਸਾਕਸ਼ੀ** ਬਹੁਤ ਹੁਸ਼ਿਆਰ ਹੈ।
55. ਮੈਂ **ਦਿੱਲੀ** ਵਿੱਚ ਰਹਿੰਦਾ ਹਾਂ।

**(ਹ) ਅਣਡਿੱਠਾ ਪੈਰ੍ਹਾ** (5)

ਬਹੁਤ ਪੁਰਾਣੀ ਗੱਲ ਹੈ, ਇੱਕ ਸੀ ਮੂਰਖ ਰਾਜਾ।ਇਹ ਰਾਜਾ ਸ਼ਕਲ ਦਾ ਵੀ ਮੋਟਾ ਸੀ ਤੇ ਅਕਲ ਦਾ ਵੀ।ਜੇ ਕੋਈ ਉਸਦੀ ਪ੍ਰਸ਼ੰਸਾ ਕਰ ਦਿੰਦਾ ਤਾਂ ਉਹ ਫੁੱਲਿਆ ਨਾ ਸਮਾਉਂਦਾ।ਜਿਸ ਉੱਪਰ ਉਹ ਖ਼ੁਸ਼ ਹੁੰਦਾ , ਉਸ ਨੂੰ ਮਾਲਾ-ਮਾਲ ਕਰ ਦਿੰਦਾ।ਉਸ ਰਾਜੇ ਦਾ ਇੱਕ ਮੰਤਰੀ ਸੀ। ਉਹ ਬੜਾ ਚਲਾਕ ਤੇ ਚਾਪਲੂਸ ਸੀ।ਉਹ ਸਦਾ ਹੀ ਰਾਜੇ ਦੀ ਤਾਰੀਫ਼ ਕਰਦਾ ਰਹਿੰਦਾ।ਰਾਜਾ ਉਸ ਤੋਂ ਬੜਾ ਖ਼ੁਸ਼ ਸੀ।ਉਹ ਮੰਤਰੀ ਰਾਜੇ ਦਾ ਸਲਾਹਕਾਰ ਵੀ ਸੀ। ਹਰ ਛੋਟੀ-ਮੋਟੀ ਗੱਲ ਤੇ ਉਹ ਰਾਜੇ ਨੂੰ ਸਲਾਹ ਦਿੰਦਾ ਤੇ ਰਾਜਾ ਉਸਨੂੰ ਮੰਨ ਵੀ ਲੈਂਦਾ।ਇੱਕ ਵਾਰੀ ਸ਼ਾਮ ਨੂੰ ਉਹ ਦੋਵੇਂ ਸੈਰ ਕਰ ਕੇ ਮਹਿਲ ਵੱਲ ਪਰਤ ਰਹੇ ਸਨ ਕਿ ਨੇੜੇ ਦੇ ਜੰਗਲ ਵਿੱਚੋਂ ਲੂੰਬੜੀਆਂ ਦੇ ਹੂਕਣ ਦੀ ਅਵਾਜ਼ ਸੁਣਾਈ ਦਿੱਤੀ।ਰਾਜੇ ਨੇ ਉਹਨਾਂ ਦੇ ਹੂਕਣ ਦਾ ਕਾਰਨ ਪੁੱਛਿਆ ਤਾਂ ਮੰਤਰੀ ਨੇ ਕਿਹਾ ਕਿ ਉਹਨਾਂ ਨੂੰ ਠੰਢ ਲੱਗ ਰਹੀ ਹੈ ਤੇ ਉਹ ਰਜਾਈਆਂ ਮੰਗ ਰਹੀਆਂ ਹਨ।ਰਾਜੇ ਨੇ ਮੰਤਰੀ ਦੀ ਗੱਲ ਮੰਨ ਕੇ ਲੂੰਬੜੀਆਂ ਲਈ ਰਜਾਈਆਂ ਦਾ ਪ੍ਰਬੰਧ ਕਰਨ ਦਾ ਹੁਕਮ ਦਿੱਤਾ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

56. ਰਾਜਾ ਕਦੋਂ ਫੁੱਲਿਆ ਨਾ ਸਮਾਉਂਦਾ ?

**ਉੱਤਰ- ਜਦੋਂ ਕੋਈ ਰਾਜੇ ਦੀ ਪ੍ਰਸ਼ੰਸਾ ਕਰ ਦਿੰਦਾ ਤਾਂ ਉਹ ਫੁੱਲਿਆ ਨਾ ਸਮਾਉਂਦਾ।**

57. ਰਾਜੇ ਦਾ ਮੰਤਰੀ ਕਿਹੋ ਜਿਹੇ ਸੁਭਾਅ ਦਾ ਸੀ?

**ਉੱਤਰ- ਰਾਜੇ ਦਾ ਮੰਤਰੀ ਚਲਾਕ ਤੇ ਚਾਪਲੂਸ ਸੀ।**

58. ਪੈਰ੍ਹੇ ਵਿੱਚੋਂ **'ਪਤਲਾ'** ਸ਼ਬਦ ਦਾ ਵਿਰੋਧੀ ਸ਼ਬਦ ਲੱਭ ਕੇ ਲਿਖੋ?

**ਉੱਤਰ - ਮੋਟਾ**

59. ਪੈਰ੍ਹੇ ਵਿੱਚੋਂ ਕੋਈ ਦੋ ਨਾਂਵ ਸ਼ਬਦ ਚੁਣ ਕੇ ਲਿਖੋ।

**ਉੱਤਰ- ਰਾਜਾ, ਮੰਤਰੀ ਆਦਿ** (ਕੋਈ ਵੀ ਹੋਰ)

60. **ਵਾਕ ਬਣਾਓ-**

ਹੁਕਮ - ਰਾਜੇ ਨੇ ਮੰਤਰੀ ਨੂੰ ਹੁਕਮ ਦਿੱਤਾ। (ਕੋਈ ਵੀ ਹੋਰ)